# ਹੁਣ ਤੋਂ ਸ਼ੁਰੂ: ਆਪਣੀ APPLE HEALTH (MEDICAID) ਕਵਰੇਜ ਨੂੰ ਰੀਨਿਊ ਕਰੋ

ਮਹਾਂਮਾਰੀ ਦੇ ਦੌਰਾਨ ਮੈਡੀਕੇਡ ਨੂੰ ਰੀਨਿਊ ਕਰਨਾ ਅਸਥਾਈ ਤੌਰ 'ਤੇ ਰੋਕ ਦਿੱਤਾ ਗਿਆ ਸੀ। ਹੁਣ ਤੋਂ, Apple Health ਦੇ ਗਾਹਕਾਂ ਨੂੰ ਆਪਣੀ ਕਵਰੇਜ ਰੀਨਿਊ ਕਰਵਾਉਣ ਦੀ ਲੋੜ ਪਵੇਗੀ।

## ਆਪਣੀ ਹੈਲਥ ਇੰਸ਼ੋਰੈਂਸ ਕਵਰੇਜ ਨੂੰ ਨਾ ਗੁਆਓ! ਇਹ ਕਦਮ ਚੁੱਕੋ:

### 1 ਆਪਣੀ ਸੰਪਰਕ ਜਾਣਕਾਰੀ ਅੱਪਡੇਟ ਕਰੋ

**ਕੀ ਤੁਸੀਂ ਪਿਛਲੇ ਤਿੰਨ ਸਾਲਾਂ ਵਿੱਚ ਆਪਣੀ ਰਿਹਾਇਸ਼ ਬਦਲੀ ਹੈ?**

ਆਪਣੀ ਸੰਪਰਕ ਜਾਣਕਾਰੀ ਨੂੰ ਆਨਲਾਈਨ **www.wahealthplanfinder.org** 'ਤੇ ਜਾ ਕੇ ਜਾਂ **Healthplanfinder Customer Support Center (ਹੈਲਥਪਲਾਨਫਾਈਂਡਰ ਗਾਹਕ ਸਹਾਇਤਾ ਕੇਂਦਰ)** ਨੂੰ **1-855-923-4633** 'ਤੇ ਕਾਲ ਕਰਕੇ ਅੱਪਡੇਟ ਕਰੋ।

### 2 ਆਪਣੀ ਹੈਲਥ ਕਵਰੇਜ ਨੂੰ ਹੁਣੇ ਰੀਨਿਊ ਕਰੋ

**ਆਨਲਾਈਨ ਰੀਨਿਊ ਕਰਨ ਲਈ**

**www.wahealthplanfinder.org** 'ਤੇ ਜਾਓ ਜਾਂ **WAPlanfinder ਮੋਬਾਈਲ ਐਪ** ਦੀ ਵਰਤੋਂ ਕਰੋ।

ਜਾਂ, ਵਾਸ਼ਿੰਗਟਨ ਹੈਲਥ ਕੇਅਰ ਅਥਾਰਟੀ ਵੱਲੋਂ **ਰੀਨਿਊ ਕਰਨ ਲਈ ਆਏ ਪੱਤਰ ਦਾ ਜਵਾਬ ਦਿਓ**। ਤੁਹਾਡੀ ਰੀਨਿਊ ਕਰਨ ਦੀ ਮਿਤੀ ਦੇ ਅਧਾਰ 'ਤੇ, ਇਹ ਪੱਤਰ ਤੁਹਾਨੂੰ ਅਗਲੇ 12 ਮਹੀਨਿਆਂ ਵਿੱਚ ਭੇਜਿਆ ਜਾਵੇਗਾ। ਇਹ ਪੱਤਰ ਪ੍ਰਾਪਤ ਹੋਣ ਤੋਂ ਬਾਅਦ ਤੁਹਾਡੇ ਕੋਲ **ਆਪਣੀ ਕਵਰੇਜ ਨੂੰ ਰੀਨਿਊ ਕਰਨ ਲਈ 90 ਦਿਨ** ਹੁੰਦੇ ਹਨ।

**ਕੋਈ ਸਵਾਲ ਹਨ? ਸਹਾਇਤਾ ਚਾਹੀਦੀ ਹੈ?**

ਹੈਲਥ ਕੇਅਰ ਅਥਾਰਟੀ ਦੇ ਡਾਕਟਰੀ ਸਹਾਇਤਾ ਗਾਹਕ ਸੇਵਾ ਕੇਂਦਰ ਵਿੱਚ ਨੈਵੀਗੇਟਰ ਤੁਹਾਡੀ ਸਹਾਇਤਾ ਲਈ ਤਿਆਰ ਹਨ: 1-800-562-3022 'ਤੇ ਕਾਲ ਕਰੋ

**ਕੀ ਤੁਸੀਂ Apple Health ਲੈਣ ਲਈ ਯੋਗ ਨਹੀਂ ਰਹੇ?**

ਤੁਸੀਂ ਅਜੇ ਵੀ ਪ੍ਰੀਮੀਅਮ ਦਾ ਭੁਗਤਾਨ ਕਰਨ ਵਾਸਤੇ ਮਦਦ ਨਾਲ ਹੋਰ ਕਵਰੇਜ ਲਈ ਯੋਗ ਹੋ ਸਕਦੇ ਹੋ। ਇਹ ਦੇਖਣ ਲਈ ਕਿ ਕੀ ਤੁਸੀਂ ਇਹਨਾਂ ਪਲਾਨਾਂ ਵਿੱਚੋਂ ਕਿਸੇ ਲਈ ਯੋਗ ਹੋ ਜਾਂ ਨਹੀਂ, ਆਪਣੀ ਰੀਨਿਊ ਕਰਨ ਦੀ ਪ੍ਰਕਿਰਿਆ ਨੂੰ ਪੂਰਾ ਕਰੋ।

King County

2304_13249a_medicaid_apple-health-renewal.ai